# ਨਵੇਂ ਹਾਈਵੇਅ ਰੈਸਟ ਏਰੀਆਜ਼ ਦੇ ਨਾਲ ਅੱਗੇ ਵਧਣਾ

09 ਅਗਸਤ, 2022

## ਦਿਲਚਸਪੀ ਵਾਲੀਆਂ ਧਿਰਾਂ ਹੁਣ ਕਮਰਸ਼ੀਅਲ ਰੈਸਟ ਏਰੀਆਜ਼ ਨੂੰ ਉਸਾਰੀ ਦੇ ਇੱਕ ਕਦਮ ਨੇੜੇ ਲਿਆਉਣ ਲਈ ਪ੍ਰਸਤਾਵ ਪੇਸ਼ ਕਰ ਸਕਦੀਆਂ ਹਨ।

ਅਲਬਰਟਾ ਦੀ ਸਰਕਾਰ ਮੁੱਖ ਹਾਈਵੇਆਂ ਦੇ ਨਾਲ-ਨਾਲ ਸਰਕਾਰੀ-ਮਾਲਕੀ ਵਾਲੇ ਹਾਈਵੇ ਸੇਫਟੀ ਰੈਸਟ ਏਰੀਆਜ਼ ਨੂੰ ਵਿਕਸਤ ਕਰਨ ਦਾ ਮੌਕਾ ਪ੍ਰਦਾਨ ਕਰ ਰਹੀ ਹੈ। ਪ੍ਰਸਤਾਵਾਂ ਲਈ ਬੇਨਤੀ ਦਾ ਪੜਾਅ ਇਹਨਾਂ ਕਮਰਸ਼ੀਅਲ ਰੈਸਟ ਏਰੀਆਜ਼ ਨੂੰ ਬਣਾਉਣ ਲਈ ਅਗਲਾ ਕਦਮ ਹੈ। ਇਹ ਮਿਉਂਸਪੈਲਟੀਆਂ ਅਤੇ ਟਰੱਕਿੰਗ ਉਦਯੋਗ ਤੋਂ ਫੀਡਬੈਕ ਇਕੱਠੇ ਕਰਨ ਦੇ ਦੋ ਸਾਲਾਂ ਬਾਅਦ ਆਉਂਦਾ ਹੈ।

ਰੈਸਟ ਏਰੀਆਜ਼ ਵਿੱਚ ਵਪਾਰਕ ਸਹੂਲਤਾਂ ਲੋਕਾਂ ਨੂੰ ਆਪਣੇ ਵਾਹਨਾਂ ਨੂ ਭਰਨ, ਖਾਣ, ਆਰਾਮ ਕਰਨ, ਜਾਂ ਆਪਣੀਆਂ ਲੱਤਾਂ ਨੂੰ ਸਟ੍ਰੈਚ ਕਰਨ ਦੀ ਇਜਾਜ਼ਤ ਦੇਣਗੀਆਂ। ਦਿਲਚਸਪੀ ਰੱਖਣ ਵਾਲੀਆਂ ਧਿਰਾਂ ਕੋਲ ਪ੍ਰਸਤਾਵ ਲਈ ਗੱਲਬਾਤ ਵਾਲੀ ਪ੍ਰਕਿਰਿਆ ਦੀ ਬੇਨਤੀ ਰਾਹੀਂ ਪ੍ਰਸਤਾਵ ਜਮ੍ਹਾ ਕਰਨ ਲਈ ਦਸੰਬਰ ਦੇ ਅਖੀਰ ਤੱਕ ਦਾ ਸਮਾਂ ਹੈ। 2024 ਵਿੱਚ ਉਸਾਰੀ ਸ਼ੁਰੂ ਹੋਣ ਦੇ ਨਾਲ, 2023 ਦੇ ਅਖੀਰ ਵਿੱਚ ਠੇਕੇ ਦਿੱਤੇ ਜਾਣ ਦੀ ਉਮੀਦ ਹੈ।

ਅਲਬਰਟਾ ਟਰਾਂਸਪੋਰਟੇਸ਼ਨ ਦੁਆਰਾ ਪ੍ਰਸਤਾਵਾਂ ਦਾ ਮੁਲਾਂਕਣ ਕਰਨ ਤੋਂ ਬਾਅਦ, ਉਹ ਸਭ ਤੋਂ ਵੱਧ ਸਕੋਰ ਵਾਲੇ ਦੀ ਚੋਣ ਕਰੇਗਾ ਅਤੇ ਚੁਣੀਆਂ ਗਈਆਂ ਸਾਈਟਾਂ ਵਿੱਚੋਂ ਹਰੇਕ ਲਈ ਦਾਇਰੇ ਬਾਰੇ ਗੱਲਬਾਤ ਕਰੇਗਾ। ਮੌਜੂਦਾ ਸਮੇਂ ਵਿੱਚ ਵਿਕਾਸ ਲਈ ਪਛਾਣੀਆਂ ਗਈਆਂ ਸਾਈਟਾਂ ਅਤੇ ਭਵਿੱਖ ਵਿੱਚ ਕੋਈ ਵੀ ਸਾਈਟਾਂ ਸਲਾਹ-ਮਸ਼ਵਰੇ ਅਤੇ ਸਥਾਨਕ ਹਿੱਸੇਦਾਰਾਂ ਤੋਂ ਇਨਪੁਟ ਤੋਂ ਬਾਅਦ ਹੀ ਵਿਕਸਤ ਕੀਤੀਆਂ ਜਾਣਗੀਆਂ।

## ਮੁੱਖ ਤੱਥ

- ਕਮਰਸ਼ੀਅਲ ਸੇਫਟੀ ਰੈਸਟ ਏਰੀਆ ਟਾਈਮਲਾਈਨ:
    - ਸਮਰ 2022 - ਵਿਚਾਰੀ RFP ਪੋਸਟ ਕੀਤੀ ਗਈ, ਖਰੀਦ ਚੱਲ ਰਹੀ ਹੈ
    - ਵਿੰਟਰ 2022 - ਦਿਲਚਸਪੀ ਰੱਖਣ ਵਾਲੀਆਂ ਪਾਰਟੀਆਂ ਲਈ ਪ੍ਰਸਤਾਵ ਪੇਸ਼ ਕਰਨ ਲਈ ਅੰਤਮ ਤਾਰੀਖ

    - 2023 ਦੇ ਅੰਤ ਵਿੱਚ - ਅਲਬਰਟਾ ਟਰਾਂਸਪੋਰਟੇਸ਼ਨ ਨੇ ਬੋਲੀ ਦੀ ਸਮੀਖਿਆ ਅਤੇ ਮੁਲਾਂਕਣ ਕਰਨਾ, ਸਫਲ ਪ੍ਰਸਤਾਵਕ ਨਾਲ ਗੱਲਬਾਤ ਕਰਨਾ ਅਤੇ ਇਕਰਾਰਨਾਮਾ ਕਰਨਾ
    - 2024 - ਉਮੀਦ ਕੀਤੀ ਉਸਾਰੀ ਸ਼ੁਰੂ
- ਵਪਾਰਕ ਵਿਕਾਸ ਨਾਲ ਜੁੜੀਆਂ ਲਾਗਤਾਂ ਦਾ ਭੁਗਤਾਨ ਨਿੱਜੀ ਖੇਤਰ ਦੁਆਰਾ ਕੀਤਾ ਜਾਵੇਗਾ ਅਤੇ ਵਪਾਰਕ ਮਾਲੀਏ ਰਾਹੀਂ ਵਸੂਲਿਆ ਜਾਵੇਗਾ।
- ਕਮਰਸ਼ੀਅਲ ਸੇਫਟੀ ਰੈਸਟ ਏਰੀਆ ਪੂਰੇ ਉੱਤਰੀ ਅਮਰੀਕਾ ਵਿੱਚ ਸਫਲ ਹਨ ਅਤੇ ਬਹੁਤ ਸਾਰੇ ਲਾਭ ਪ੍ਰਦਾਨ ਕਰ ਸਕਦੇ ਹਨ, ਜਿਸ ਵਿੱਚ ਸ਼ਾਮਲ ਹਨ:
    - ਪਾਰਕ ਅਤੇ ਆਰਾਮ ਕਰਨ ਲਈ ਜਗ੍ਹਾ ਪ੍ਰਦਾਨ ਕਰਕੇ ਹਾਈਵੇ ਸੁਰੱਖਿਆ ਵਿੱਚ ਸੁਧਾਰ ਕਰਨਾ।
    - ਈਂਧਨ, ਭੋਜਨ ਅਤੇ ਹੋਰ ਵਪਾਰਕ ਸੇਵਾਵਾਂ ਦੀ ਪੇਸ਼ਕਸ਼ ਕਰਕੇ ਅਲਬਰਟਾ ਨਿਵਾਸੀਆਂ ਅਤੇ ਸੈਲਾਨੀਆਂ ਦੇ ਯਾਤਰਾ ਅਨੁਭਵਾਂ ਨੂੰ ਬਿਹਤਰ ਬਣਾਉਣਾ।
    - ਨਵੇਂ ਬੁਨਿਆਦੀ ਢਾਂਚੇ ਅਤੇ ਨਵੀਂ ਤਕਨਾਲੋਜੀ, ਜਿਵੇਂ ਕਿ ਵਾਹਨ ਚਾਰਜਿੰਗ ਸਟੇਸ਼ਨਾਂ ਦੀ ਸੰਭਾਵਨਾ ਨਾਲ ਨਵੀਨਤਾਕਾਰੀ, ਕੁਸ਼ਲ ਅਤੇ ਵਾਤਾਵਰਣਕ ਢੰਗ ਨਾਲ ਟਿਕਾਊ ਸੇਵਾਵਾਂ ਪ੍ਰਦਾਨ ਕਰਨਾ।




## ਸੰਬੰਧਿਤ ਜਾਣਕਾਰੀ

- ਅਲਬਰਟਾ ਪਰਚੇਜ਼ਿੰਗ ਕਨੈਕਸ਼ਨ
- ਅਲਬਰਟਾ ਦੀ ਰਿਕਵਰੀ ਯੋਜਨਾ

[ਇਹ ਅਨਾਊਂਸਮੈਂਟ ਔਨਲਾਈਨ ਦੇਖੋ](#)
[ਅਲਬਰਟਾ ਸਰਕਾਰ ਦਾ ਨਿਊਜ਼ ਰੂਮ](#)
[ਸਰਕਾਰ ਨਾਲ ਸੰਪਰਕ ਕਰੋ](#)
[ਅਨਸਬਕ੍ਰਾਈਬ ਕਰੋ](#)